# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 19-07-2024**

ਕੇਂਦਰੀ ਖੇਤੀਬਾੜੀ ਤੇ ਕਿਸਾਨ ਭਲਾਈ ਅਤੇ ਪੇਂਡੂ ਵਿਕਾਸ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਵੱਲੋਂ, ਸੂਬਿਆਂ ਦੇ ਖੇਤੀਬਾੜੀ ਮੰਤਰੀਆਂ ਨਾਲ ਕੀਤੀਆਂ ਜਾ ਰਹੀਆਂ ਮੀਟਿੰਗਾਂ ਦੀ ਲੜੀ ਤਹਿਤ, ਕਲ ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨਾਲ, ਕ੍ਰਿਸ਼ੀ ਭਵਨ ਦਿੱਲੀ ਵਿਖੇ ਮੀਟਿੰਗ ਕੀਤੀ ਗਈ। ਇਸ ਦੌਰਾਨ ਸੂਬੇ ਵਿੱਚ ਖੇਤੀ ਦੇ ਵਿਕਾਸ ਸਬੰਧੀ, ਵੱਖ-ਵੱਖ ਵਿਸ਼ਿਆਂ 'ਤੇ ਉਸਾਰੂ ਵਿਚਾਰ-ਵਟਾਂਦਰਾ ਹੋਇਆ। ਪੰਜਾਬ ਵੱਲੋਂ ਰੱਖੀ ਗਈ ਸੂਬਾ ਖੇਤੀਬਾੜੀ ਅੰਕੜਾ ਅਥਾਰਟੀ ਨਾਲ ਸਬੰਧਤ ਤਜਵੀਜ 'ਤੇ ਮੰਤਰਾਲੇ ਵਲੋਂ ਮਨਜ਼ੂਰੀ ਪੱਤਰ ਸ਼ਿਵਰਾਜ ਸਿੰਘ ਚੌਹਾਨ ਨੇ ਗੁਰਮੀਤ ਸਿੰਘ ਖੁੱਡੀਆਂ ਨੂੰ ਮੀਟਿੰਗ ਦੌਰਾਨ ਪੇਸ਼ ਕੀਤਾ, ਜਿਸ 'ਤੇ ਗੁਰਮੀਤ ਸਿੰਘ ਖੁੱਡੀਆਂ ਨੇ, ਸੂਬਾ ਸਰਕਾਰ ਵਲੋਂ ਤਹਿ ਦਿਲੋਂ ਧੰਨਵਾਦ ਕੀਤਾ। ਇਸ ਪੱਤਰ ਅਨੁਸਾਰ ਪੰਜਾਬ ਨੂੰ, ਇੰਪਰੂਵਮੈਂਟ

ਇਨ ਐਗਰੀਕਲਚਰ ਸਟੈਟਿਸਟਿਕਸ ਸਕੀਮ ਵਿੱਚ ਸ਼ਾਮਲ ਕਰਕੇ ਐੱਸ ਏ ਐੱਸ ਏ ਅਧੀਨ ਇੱਕ ਪ੍ਰੋਜੈਕਟ ਮਾਨੀਟਰਿੰਗ ਯੂਨਿਟ ਸਥਾਪਿਤ ਕਰਨ ਦੀ ਇਜਾਜ਼ਤ ਦਿੱਤੀ ਗਈ ਏ। ਇਸ ਸਕੀਮ ਤਹਿਤ ਆਈ ਏ ਐੱਸ ਦੇ ਕੰਮ ਵਿੱਚ ਲੱਗੇ ਮੁਲਾਜ਼ਮਾਂ ਨੂੰ 100 ਫੀਸਦੀ ਮਾਲੀ ਮਦਦ ਨਾਲ ਫੰਡ ਜਾਰੀ ਕੀਤੇ ਜਾਂਦੇ ਨੇ। ਇਹ ਪਹਿਲਕਦਮੀ ਖੇਤੀਬਾੜੀ ਅੰਕੜਾ ਪ੍ਰਣਾਲੀ ਵਿੱਚ ਸੁਧਾਰ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਏ। ਮੀਟਿੰਗ ਵਿੱਚ ਫਸਲਾਂ ਦੀ ਰਹਿੰਦ-ਖੂੰਹਦ ਪ੍ਰਬੰਧਨ ਯੋਜਨਾ ਲਾਗੂ ਕਰਨ ਸਬੰਧੀ ਵੀ ਚਰਚਾ ਹੋਈ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਵਾਤਾਵਰਨ ਦੇ ਹਿੱਤ ਵਿੱਚ ਇਸ ਦਿਸ਼ਾ ਵਿੱਚ ਹੋਰ ਗੰਭੀਰਤਾ ਨਾਲ ਕੰਮ ਕੀਤਾ ਜਾਵੇ। ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ ਕਿਸਾਨਾਂ ਨੂੰ ਬਾਗ਼ਬਾਨੀ ਅਤੇ ਹੋਰ ਫਸਲਾਂ ਸਮੇਤ ਡਰੈਗਨ ਫਰੂਟ, ਕਿੰਨੂ ਦੀ ਕਾਸ਼ਤ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਏ ਤਾਂ ਜੋ ਪਰਾਲੀ ਦੀ ਸਮੱਸਿਆ ਘਟੇ ਅਤੇ ਕਿਸਾਨਾਂ ਦੀ ਆਮਦਨ ਵਿੱਚ ਵੀ ਵਾਧਾ ਹੋ ਸਕੇ। ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਆਰ ਕੇ ਵੀ ਵਾਈ ਬਾਰੇ ਕੇਂਦਰੀ ਮੰਤਰੀ ਨੇ ਕੇਂਦਰ ਸਰਕਾਰ ਵੱਲੋਂ ਪੂਰੇ ਸਹਿਯੋਗ ਦਾ ਭਰੋਸਾ ਦਿਵਾਇਆ

ਅਤੇ ਕਿਹਾ ਕਿ ਹੋਰਨਾਂ ਸੂਬਿਆਂ ਵਾਂਗ ਪੰਜਾਬ ਨੂੰ ਵੀ ਖਾਦਾਂ ਅਤੇ ਬੀਜਾਂ ਦੀ ਜਰੂਰੀ ਸਪਲਾਈ ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਇਸ ਸਬੰਧੀ ਬਹੁਤ ਗੰਭੀਰਤਾ ਨਾਲ ਕੰਮ ਕਰ ਰਹੀ ਏ ਅਤੇ ਖੇਤੀਬਾੜੀ ਦੇ ਵਿਕਾਸ ਲਈ ਮਿਲ ਕੇ ਕੰਮ ਕਰਦੇ ਰਹਾਂਗੇ । ਮੀਟਿੰਗ ਵਿੱਚ ਖੇਤੀਬਾੜੀ ਸਕੱਤਰ ਸੰਜੀਵ ਚੋਪੜਾ ਅਤੇ ਸੀਨੀਅਰ ਅਧਿਕਾਰੀ ਵੀ ਮੌਜੂਦ ਰਹੇ।

---------------------------------------------------------------

ਕੇਂਦਰ ਸਰਕਾਰ ਵਲੋਂ ਲੰਬੀ ਚਰਚਾ ਮਗਰੋਂ ਤਿਆਰ ਕੀਤੇ ਗਏ ਤਿੰਨ ਨਵੇਂ ਅਪਰਾਧਿਕ ਕਾਨੂੰਨ - ਭਾਰਤੀ ਨਿਆ ਸੰਹਿਤਾ, ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਅਤੇ ਭਾਰਤੀ ਸਾਕਸ਼ਯ ਅਧਿਨਿਯਮ- 2023 ਲਾਗੂ ਹੋ ਗਏ ਨੇ। ਗੁਰਦਾਸਪੁਰ ਦੇ ਵਕੀਲ ਰਾਕੇਸ਼ ਕੁਮਾਰ ਨਾਡਾਲਾ ਨੇ, ਨਵੇਂ ਬਣੇ ਕਾਨੂੰਨਾਂ ਵਿਚ ਕੀਤੀਆਂ ਵੱਖ ਵੱਖ ਤਬਦੀਲੀਆਂ ਬਾਰੇ ਜਾਣਕਾਰੀ ਦੀਦਿਆਂ ਦਸਿਆ ।

---------------------------------------------------------------

ਫਾਜ਼ਿਲਕਾ ਪੁਲਿਸ ਨੇ ਨਸ਼ੇ ਨੂੰ ਰੋਕਣ ਬਾਰੇ, 'ਮਿਸ਼ਨ ਨਿਸ਼ਚੇ' ਤਹਿਤ

ਕੱਲ ਸ਼ਹੀਦ ਭਗਤ ਸਿੰਘ ਸਟੇਡੀਅਮ ਵਿਖੇ ਐਥਲੀਟ ਮੀਟ ਕਰਵਾਈ। ਡੀ.ਆਈ.ਜੀ ਅਜੇ ਮਲੂਜਾ ਨੇ ਇਸ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਸੂਬੇ ਦੇ ਨੌਜਵਾਨਾਂ ਦੀ ਊਰਜਾ ਨੂੰ ਸਹੀ ਦਿਸ਼ਾ ਦੇਣ ਲਈ ਵੱਖ-ਵੱਖ ਉਪਰਾਲੇ ਕਰ ਰਹੀ ਏ ਅਤੇ ਜਦੋਂ ਨੌਜਵਾਨ ਉਸਾਰੂ ਗਤੀਵਿਧੀਆਂ ਵਿੱਚ ਰੁਚੀ ਲੈਣਗੇ ਤਾਂ ਉਹ ਮਾੜੀਆਂ ਆਦਤਾਂ ਵਾਲੇ ਪਾਸੇ ਨਹੀਂ ਜਾਣਗੇ। ਇਸੇ ਦੌਰਾਨ ਪੁਲਿਸ ਤੇ ਮੀਡੀਆ ਕਰਮੀਆਂ ਵਿਚਕਾਰ ਰੱਸਾ ਕਸੀ ਦਾ ਰੌਚਕ ਮੁਕਾਬਲਾ ਵੀ ਕਰਵਾਇਆ ਗਿਆ ਜਿਸ ਵਿਚ ਪੁਲਿਸ ਦੀ ਟੀਮ ਜੇਤੂ ਰਹੀ। ਜੇਤੂ ਟੀਮ ਨੂੰ 10 ਹਜ਼ਾਰ ਤੇ ਉਪ ਜੇਤੂ ਟੀਮ ਨੂੰ 5 ਹਜ਼ਾਰ ਰੁਪਏ ਦਾ ਨਗਦ ਇਨਾਮ ਦਿੱਤਾ ਗਿਆ।

---------------------------------------------------------

ਸਾਈਕਲਿੰਗ ਫੈਡਰੇਸ਼ਨ ਆਫ ਇੰਡੀਆ ਵੱਲੋਂ, ਨੌਜਵਾਨਾਂ ਨੂੰ ਖੇਡਾਂ ਲਈ ਉਤਸ਼ਾਹਿਤ ਕਰਨ ਦੇ ਮਕਸਦ ਨਾਲ, 'ਟੈਲੈਂਟ ਆਈਡੈਂਟੀ-ਫਿਕੇਸ਼ਨ' ਯਾਨੀ ਪ੍ਰਤਿਭਾ ਪਛਾਣ ਪ੍ਰੋਗਰਾਮ ਕਰਵਾਇਆ ਜਾ ਰਿਹਾ ਏ। ਪ੍ਰੋਗਰਾਮ ਦੇ ਕਨਵੀਨਰ ਜਗਦੀਪ ਸਿੰਘ ਕਾਹਲੋਂ ਨੇ ਅੰਮ੍ਰਿਤਸਰ ਵਿਚ ਦੱਸਿਆ ਕਿ ਇਸਦਾ ਮੁੱਖ ਮਕਸਦ ਨੌਜਵਾਨਾਂ ਨੂੰ ਖੇਡਾਂ ਅਤੇ ਖਾਸ

ਤੌਰ 'ਤੇ ਸਾਈਕਲਿੰਗ ਖੇਡ ਨਾਲ ਜੋੜਨਾ ਏ ਤਾਂ ਜੋ ਪੰਜਾਬ ਵਿੱਚ ਸਾਈਕਲਿੰਗ ਨੂੰ ਪ੍ਰਫੁੱਲਿਤ ਕੀਤਾ ਜਾ ਸਕੇ। ਇਸ ਤਹਿਤ ਖ਼ਿਡਾਰੀਆਂ ਦੀ ਚੋਣ ਕਰ ਕੇ ਉਹਨਾਂ ਨੂੰ ਫੈਡਰੇਸ਼ਨ ਦੀਆਂ ਅਕੈਡਮੀਆਂ ਵਿੱਚ ਭੇਜਿਆ ਜਾਵੇਗਾ, ਜਿਥੇ ਉਹਨਾਂ ਦਾ ਰਹਿਣਾ, ਖੁਰਾਕ, ਟਰੇਨਿੰਗ, ਖੇਡ ਦਾ ਸਾਜੋ ਸਮਾਨ ਮੁਫ਼ਤ ਹੋਵੇਗਾ। ਅੰਮ੍ਰਿਤਸਰ ਜ਼ਿਲ੍ਹੇ ਦੇ ਟਰਾਇਲ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਈਕਲਿੰਗ ਵੈਲੋਡਰਮ ਵਿਖੇ 28 ਜੁਲਾਈ ਨੂੰ ਕਰਵਾਏ ਜਾਣਗੇ ਅਤੇ ਇਸ ਵਿਚ ਅੰਮ੍ਰਿਤਸਰ ਤੋਂ ਅਲਾਵਾ ਜ਼ਿਲ੍ਹੇ ਕਪੂਰਥਲਾ, ਗੁਰਦਾਸਪੁਰ, ਪਠਾਨਕੋਟ ਤੇ ਤਰਨ ਤਾਰਨ ਜ਼ਿਲਿਆਂ ਦੇ 12 ਤੋਂ 14 ਸਾਲ ਦੇ ਮੁੰਡੇ ਕੁੜੀਆਂ ਹਿੱਸਾ ਲੈ ਸਕਦੇ ਨੇ।

--------------------------------------------------------------------

ਜੰਮੂ ਡਿਵੀਜ਼ਨ ਦੇ ਡੋਡਾ ਜ਼ਿਲ੍ਹੇ ਵਿਚ ਫੌਜ ਨੇ ਸਰਹੱਦ ਪਾਰ ਤੋਂ ਘੁਸਪੈਠ ਕਰਕੇ ਜੰਗਲਾਂ 'ਚ ਲੁਕੇ ਅੱਤਵਾਦੀਆਂ ਨੂੰ ਖਤਮ ਕਰਨ ਲਈ ਆਪਰੇਸ਼ਨ 'ਸਰਪ ਵਿਨਾਸ਼' ਸ਼ੁਰੂ ਕੀਤਾ ਏ। ਕਸ਼ਮੀਰ ਘਾਟੀ ਦੇ ਸਮਤਲ ਇਲਾਕਿਆਂ ਨੂੰ ਛੱਡ ਕੇ ਇਸ ਵਾਰ ਅੱਤਵਾਦੀਆਂ ਨੇ ਪੀਰ ਪੰਜਾਲ ਦੀਆਂ ਦੱਖਣੀ ਪਹਾੜੀਆਂ 'ਚ ਨਵਾਂ ਅੱਡਾ ਬਣਾਇਆ ਏ। ਇੱਥੇ

ਸੰਘਣੇ ਜੰਗਲਾਂ ਦੀਆਂ ਕੁਦਰਤੀ ਗੁਫਾਵਾਂ ਅਤੇ ਸੁਰੰਗਾਂ ਵਿੱਚ ਲੁਕ ਕੇ ਅੱਤਵਾਦੀ ਲਗਾਤਾਰ ਫੌਜ ਨੂੰ ਨਿਸ਼ਾਨਾ ਬਣਾ ਰਹੇ ਨੇ। ਪੀਰ ਪੰਜਾਲ ਦੀਆਂ ਦੱਖਣੀ ਪਹਾੜੀਆਂ ਵਿਚ ਵੱਡੀਆਂ ਚੱਟਾਨਾਂ ਨਾਲ ਬਣੀਆਂ ਸੁਰੰਗਾਂ ਅਤੇ ਗੁਫਾਵਾਂ ਨੇ, ਜਿਨ੍ਹਾਂ ਦੀ ਵਰਤੋਂ 90 ਦੇ ਦਹਾਕੇ ਵਿਚ ਸਰਹੱਦ ਪਾਰ ਤੋਂ ਘੁਸਪੈਠ ਕਰਨ ਵਾਲੇ ਅੱਤਵਾਦੀਆਂ ਵਲੋਂ ਕੀਤੀ ਗਈ ਸੀ। ਉਦੋਂ ਫੌਜ ਨੇ ਵੱਡੀ ਗਿਣਤੀ ਵਿਚ  ਤਾਇਨਾਤੀ ਕਰਕੇ ਇੱਥੋਂ ਅੱਤਵਾਦ ਦਾ ਪੂਰੀ ਤਰ੍ਹਾਂ ਖਾਤਮਾ ਕਰ ਦਿੱਤਾ ਸੀ। ਉਸ ਸਮੇਂ ਇੱਥੇ ਅੱਤਵਾਦ ਵਿਰੋਧੀ ਗਰਿੱਡ ਬਣਾਇਆ ਗਿਆ ਸੀ ਪਰ ਇਸ ਦੇ ਖਾਤਮੇ ਤੋਂ ਬਾਅਦ ਇਸਨੂੰ ਹਟਾ ਦਿੱਤਾ ਗਿਆ ਸੀ। ਇਸ ਇਲਾਕੇ 'ਚ ਸ਼ਾਂਤੀ ਆਉਣ ਤੋਂ ਬਾਅਦ ਫੌਜ ਦੀ ਤਾਇਨਾਤੀ ਵੀ ਘੱਟ ਕਰ ਦਿੱਤੀ ਗਈ ਸੀ ਪਰ ਹੁਣ ਫੌਜ ਦੀ ਕਮੀ ਕਾਰਨ ਅੱਤਵਾਦੀਆਂ ਨੇ ਫਿਰ ਤੋਂ ਇੱਥੇ ਆਪਣਾ ਟਿਕਾਣਾ ਬਣਾ ਲਿਆ ਏ। ਕਰੀਬ 50 ਅੱਤਵਾਦੀ ਸਰਹੱਦ ਪਾਰ ਤੋਂ ਘੁਸਪੈਠ ਕਰ ਚੁੱਕੇ ਨੇ। ਇਹ ਅੱਤਵਾਦੀ ਇਨ੍ਹਾਂ ਜੰਗਲਾਂ ਵਿਚ ਲੁਕੇ ਹੋਏ ਨੇ ਅਤੇ ਲਗਾਤਾਰ ਰਸਤੇ ਬਦਲ ਰਹੇ ਨੇ, ਕਿਉਂਕਿ ਉਨ੍ਹਾਂ ਨੂੰ ਸੰਘਣੇ ਜੰਗਲਾਂ ਬਾਰੇ ਜਾਣਕਾਰੀ ਏ।